ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com

ਜਿਲਦ-25 ਨੰਬਰ-1

13 ਤੋਂ 19 ਮਾਘ 2073 - 26 January to 1 February 2017 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 202

## ਨਾਮ ਦਾਨ

ਮਨੁਖਾ ਜਨਮ
ਤੇ ਬਿਨਾ ਕਹਾ
ਨਾਮ ਦਾਨ
ਇਸਨਾਨ ਹਥ
ਆਵਦਾ ਹੈ ।






# ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 202 ਵੇਂ ਪ੍ਰਕਾਸ਼ ਪੁਰਬ ਦੀਆਂ ਸਾਧ ਸੰਗਤ ਨੂੰ ਵਧਾਈਆਂ

ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ।
ਸਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ। –ਗੁਰਿੰਡਨਾਮਾ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।


## ਤਬੀ ਬਾਰ੍ਹਵਾਂ ਬਪ ਪਹਿਚਾਨੋ




ਬਸੰਤ ਪੰਚਮੀ ਵਾਲੇ ਦਿਨ ਅਵਤਾਰ ਧਾਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਸਿਖੀ ਦੀ ਵਾਗਡੋਰ ਸੰਭਾਲਣ ਅਤੇ ਨਾਮਧਾਰੀ ਪੰਥ ਦੀ ਸਾਜਣਾ ਕਰਕੇ ਇਸ ਵਿਚ ਨਵੀਂ ਰੂਹ ਫੂਕਣ ਤੋਂ ਪਹਿਲਾਂ ਦਾ ਸਮਾਂ ਐਸਾ ਸੀ ਜਿਸ ਸਮੇਂ ਵਿਚ ਸਿੱਖ ਆਪਣੀ ਪਹਿਚਾਨ ਗੁਆ ਚੁੱਕੇ ਸਨ। ਉਹ ਸਾਬਤ ਸੂਰਤ ਕੇਸ ਦਾੜ੍ਹੀਆਂ ਵਾਲੇ ਦਿਸਦੇ ਸਨ। ਫਿਰ ਉਹਨਾਂ ਦੇ ਨਾਵਾਂ ਦੇ ਪਿਛੇ ਲੱਗਾ ਸਿੰਘ ਜਾਂ ਕੌਰ ਉਹਨਾਂ ਨੂੰ ਬਾਕੀਆਂ ਤੋਂ ਵਖਰਾ ਕਰਦਾ ਸੀ।

ਉਹਨਾਂ ਅੰਦਰ ਕੁਝ ਸਿਖੀ ਸਪਰਿਟ ਸੀ, ਹਿੰਮਤ ਸੀ, ਜੋਸ਼ ਸੀ ਅਤੇ ਉਸ ਸਮੇਂ ਢਹਿੰਦੇ ਮੁਗਲ ਰਾਜ ਦਾ ਫਾਇਦਾ ਉਠਾਣ ਲਈ ਆਏ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਦਾ ਮੁਕਾਬਲਾ ਕਰਨ ਦੀ ਦਲੇਰੀ ਸੀ। ਉਹਨਾਂ ਆਪਣੀ ਹਿੰਮਤ ਨਾਲ ਇਲਾਕੇ ਮੱਲੇ, 12 ਮਿਸਲਾਂ ਕਾਇਮ ਕੀਤੀਆਂ ਅਤੇ ਫਿਰ ਸਮੁੱਚੇ ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜ਼ੋਰ ਨਾਲ ਆਪਣੇ ਅਧੀਨ ਕਰਕੇ ਸਿੱਖ ਰਾਜ ਦੀ ਸਥਾਪਨਾ ਕੀਤੀ। ਇਸ ਰਾਜ ਵਿਚ ਹਮਲਾਵਾਰਾਂ ਤੋਂ ਬਚਣ ਕਾਰਨ ਪੰਜਾਬੀਆਂ ਨੇ ਸੁਖ ਦਾ ਸਾਹ ਲਿਆ। ਪਰ ਮਹਾਰਾਜੇ ਦੇ ਅੱਖਾਂ ਮੀਟਦਿਆਂ ਹੀ ਇਹ ਰਾਜ ਪਿਛਲ ਪੈਰੀਂ ਤੁਰ ਪਿਆ। ਤੇਗਾਂ ਮਾਰ ਕੇ ਲਏ ਰਾਜ ਦੀ ਇਹ ਹਾਲਤ ਹੋ ਗਈ :

*ਅਗੋ ਰਾਜ ਆਇਆ ਹੱਥ ਬੁਰਸਿਆਂ ਦੇ, ਪਈ ਖੜਕਦੀ ਨਿੱਤ ਤਲਵਾਰ ਮੀਆਂ।*
*ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ, ਹੋਰ ਕਹੋ ਕਿਸ ਦੇ ਪਾਣੀ ਹਾਰ ਮੀਆਂ।*
*(ਸ਼ਾਹ ਮੁਹੰਮਦ)*

ਇਸ ਰਾਜ ਦੀ ਫੌਜ ਵਿਚ ਨੌਕਰੀ ਕਰ ਰਹੇ, ਸਤਿਗੁਰੂ ਰਾਮ ਸਿੰਘ ਜੀ ਨੇ ਰਾਜ ਦਾ ਵਧਦਾ ਤਪ ਤੇਜ ਵੀ ਵੇਖਿਆ ਅਤੇ ਉਸਦੀ ਬੁਝਦੀ ਧੂਣੀ ਦੀ ਅੱਗ ਵੀ ਵੇਖੀ। ਆਪ ਸਿੱਖਾਂ ਵਿਚ ਪਈ ਫੁੱਟ ਤੇ ਹੋ ਰਹੀ ਆਪਸੀ ਲੜਾਈ ਵਲੋਂ ਮੂੰਹ ਤੋੜ ਕੇ ਖਾਲਸਾ ਰਾਜ ਦੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਹੋਏ ਅਕਾਲ ਬੁੰਗੇ ਸ੍ਰੀ ਭੈਣੀ ਸਾਹਿਬ ਬੈਠ ਕੇ ਚਿੰਤਨ ਕਰਨ ਲਗੇ ਕਿ ਇਹ ਕਿਉਂ ਹੋਇਆ। ਉਹਨਾਂ ਚਿੰਤਨ ਦੇ ਨਾਲ ਸਿਮਰਨ ਵੀ ਕੀਤਾ। ਆਪ ਨੇ ਜਦ ਸਮੁੱਚੀ ਸਥਿਤੀ ਉਤੇ ਖਾਸ਼ ਕਰਕੇ ਸਿੱਖ ਕੌਮ ਵੱਲ ਝਾਤੀ ਮਾਰੀ ਤਾਂ ਆਪ ਨੂੰ ਲੱਗਾ ਕਿ ਇਹਨਾਂ ਲੋਕਾਂ ਵਿਚ ਸਰੀਰਕ ਬਲ ਹੋਣ ਦੇ ਬਾਵਜੂਦ ਆਤਮਿਕ ਬਲ ਨਹੀਂ ਸੀ।ਆਤਮਕ ਬਲ ਨਾ ਹੋਣ ਦਾ ਕਾਰਨ ਸਿਮਰਨ ਕਰਨ ਦੀ ਘਾਟ ਹੈ। ਸਿਮਰਨ ਨਾ ਕਰਨ ਦਾ ਕਾਰਨ ਵਿਲਾਸੀ ਹੋਣਾ ਹੈ। ਵਿਲਾਸੀ ਹੋਣ ਦਾ ਕਾਰਨ ਅੰਨ ਧਨ ਉਪਜਾਉਣ ਵਾਲੀ ਧਰਤੀ ਵਿਚ ਸੁਖ ਸਾਧਨਾਂ ਦੀ ਬਹੁਤਾਤ ਹੋਣਾ ਹੈ ਅਤੇ ਉਹਨਾਂ ਸੁਖ ਸਾਧਨਾਂ ਰਾਹੀਂ ਕਮਾਏ ਧਨ ਪਦਾਰਥ ਨੂੰ ਐਸ਼ੋ ਇਸ਼ਰਤ ਵਿਚ ਗੁਜਾਰਨਾ ਹੈ। ਜਿਹਨਾਂ ਕੋਲ ਧਨ ਪਦਾਰਥ ਦੀ ਕਮੀ ਵੀ ਸੀ ਉਹ ਵੀ ਜੋ ਦਿਤਾ ਹੈ, ਉਸ ਦੇਣ ਦਾਤਾਰ ਦਾ ਸ਼ੁਕਰ ਕਰਨ ਤੇ ਉਸ ਦੀ ਰਜ਼ਾ ਵਿਚ ਰਹਿਣ ਦੀ ਥਾਂ ਆਪਣੇ ਕਰਮਾਂ ਨੂੰ ਜਾਂ ਉਸ ਦੀ ਕਰਨੀ ਨੂੰ ਕੋਸਣ ਲੱਗੇ।। ਅਰ ਇਹਨਾਂ ਸਾਰਿਆਂ ਦੀ ਧਾਰਮਿਕ ਪਖੋਂ ਅਗਵਾਈ ਕਰਨ ਵਾਲੇ ਮਹੰਤਾਂ, ਡੇਰੇਦਾਰਾਂ, ਗੱਦੀ ਨਸ਼ੀਨਾਂ ਨੇ ਭੁੱਲੀ ਭਟਕੀ ਪਰਜਾ ਨੂੰ ਰਾਹੇ ਕੀ ਪਾਉਣਾ ਸੀ। ਉਹ ਆਪ ਸ਼ਿਕਾਰ ਖੇਡਦੇ ਸਨ, ਤਾਮਸੀ ਭੋਜਨ ਕਰਦੇ ਸਨ, ਰਾਜਿਆਂ ਮਹਾਰਾਜਿਆਂ ਵਾਂਗ ਰਹਿੰਦੇ ਸਨ ਤੇ ਆਪਣੀ ਸ਼ਾਨੋ ਸ਼ੌਕਤ ਬਣਾਉਂਦੇ ਸਨ। ਕਈਆਂ ਦੇ ਟਿਕਾਣੇ ਤਾਂ ਵਿਭਚਾਰ, ਦੁਰਾਚਾਰ ਅਤੇ ਬਦਨਾਮ ਸਨ। ਪੂਜਾ ਦਾ ਧਾਨ ਉਹਨਾਂ ਦੇ ਹੱਡਾਂ ਵਿਚ ਰਚ ਗਿਆ ਸੀ। ਉਹ ਤਾਂ ਖੁਦ ਹੀ ਪਾਠ ਪੂਜਾ ਭਜਨ ਬੰਦਗੀ ਤੋਂ ਵਾਂਝੇ ਸਨ, ਉਹਨਾਂ ਦੂਜਿਆਂ ਨੂੰ ਕੀ ਮੱਤ ਦੇਣੀ ਸੀ।

ਉਂਜ ਤਾਂ ਉਹਨਾਂ ਦਾ ਇਕ ਨੁਕਾਤੀ ਪ੍ਰੋਗਰਾਮ ਹੀ ਸੀ, ਪੂਜਾ ਲੈਣੀ। ਇਸ ਪੂਜਾ ਦੇ ਸਿਰ ਤੇ ਹੀ ਉਹ ਐਸ਼ ਕਰਦੇ ਸਨ। ਅੰਧ ਵਿਸ਼ਵਾਸ਼ੀ ਅਤੇ ਅਨਪੜ੍ਹ ਲੋਕ ਕੇਵਲ ਪੂਜਾ ਭੇਟਾ ਦੇ ਕੇ, ਮੱਥਾ ਟੇਕ ਕੇ ਸਮਝਦੇ ਸਨ ਕਿ ਉਹਨਾਂ ਦੀ ਚੁਰਾਸੀ ਕੱਟੀ ਗਈ ਹੈ। ਉਹਨਾਂ ਲਈ ਸੋਚਣ ਦੀ ਕੋਈ ਲੋੜ ਨਹੀਂ ਸੀ ਕਿ ਉਹਨਾਂ ਦਾ ਧਾਰਮਿਕ ਆਗੂ ਅੰਮ੍ਰਿਤ ਵੇਲੇ ਉਠਦਾ ਹੈ ? ਸਣੇ ਕੇਸੀਂ ਇਸ਼ਨਾਨ ਕਰਦਾ ਹੈ? ਅਕਾਲ ਪੁਰਖ ਦਾ ਸਿਮਰਨ ਕਰਦਾ ਹੈ ? ਬਾਣੀ ਪੜ੍ਹਦਾ ਹੈ? ਸੰਤਾਂ ਸਾਧਾਂ ਵਾਲਾ ਬਾਣਾ ਰੱਖਦਾ ਹੈ ? ਸਾਤਵਿਕ ਭੋਜਨ ਕਰਦਾ ਹੈ ?

ਉਹਨਾਂ ਦਾ ਵਾਸਤਾ ਇਸ ਗੱਲ ਨਾਲ ਨਹੀਂ ਸੀ ਕਿ ਭਾਵੇਂ ਉਹ ਕੁੜੀ ਮਾਰ ਹੋਣ, ਭਾਵੇਂ ਨੜੀ ਮਾਰ, ਭਾਵੇਂ ਮਾਸ਼ ਸ਼ਰਾਬ ਖਾਂਦੇ ਪੀਂਦੇ ਹੋਣ, ਭਾਵੇਂ ਹੋਰ ਨਸ਼ੇ ਕਰਦੇ ਹੋਣ, ਭਾਵੇਂ ਉਹ ਦਾੜ੍ਹੀ ਮੁੰਨਦੇ ਹੋਣ ਜਾਂ ਰੰਗਦੇ ਹੋਣ। ਉਹਨਾਂ ਦਾ ਬਾਣਾ ਵੀ ਭਾਵੇਂ ਸਿਖੀ ਤੋਂ ਕੋਹਾਂ ਦੂਰ ਹੋਵੇ। ਉਹ ਭਾਵੇਂ ਜੋ ਮਰਜੀ ਕੁਕਰਮ ਕਰਦੇ ਹੋਣ, ਬਸ ਉਹਨਾਂ ਨੂੰ ਕੋਈ ਰੋਕਣ ਟੋਕਣ ਵਾਲਾ ਕੋਈ ਹੋਵੇ ਜਾਂ ਨਾ। ਕੋਈ ਉਹਨਾਂ ਨੂੰ ਸਤ ਧਰਮ ਦਾ ਉਪਦੇਸ਼ ਨਾ ਕਰਦਾ ਹੋਵੇ। ਉਹ ਹੀ ਆਗੂ ਉਹੀ ਸੰਤ, ਮਹੰਤ, ਉਹ ਹੀ ਸਾਧੂ ਫਕੀਰ। ਉਹ ਹੀ ਬਾਬਾ ਉਹਨਾਂ ਨੂੰ ਚੰਗਾ ਲਗਦਾ ਸੀ ਜੋ ਕੇਵਲ ਅਸੀਸ ਦੇਵੇ ਝੂਠੀ ਭਾਵੇਂ ਸੱਚੀ। ਫਿਰ ਵੀ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲੇ ਸਤਿਗੁਰੂ ਬਾਲਕ ਸਿੰਘ ਜੀ ਨੇ ਸਿਖੀ ਦੀ ਜੋਤ ਨੂੰ ਜਗਦੀ ਰੱਖਿਆ। ਪਰ ਕਿੰਨੇ ਕੁ ਸਿੱਖ ਪੂਰਨ ਰਹਿਤ ਮਰਯਾਦਾ ਦੇ ਧਾਰਨੀ ਸਨ- ਕੇਵਲ ਢਾਈ। ਇਹਨਾਂ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਚਲੇ ਸਨ ਅਤੇ ਉਹਨਾਂ ਨੇ ਆਪ ਨਾਮ ਜਪਣ ਤੇ ਹੋਰਾਂ ਨੂੰ ਜਪਾਉਣ ਦੀ ਕਿਰਪਾ ਕੀਤੀ। ਉਹ ਭਲੀ ਭਾਂਤ ਜਾਣਦੇ ਸਮਝਦੇ ਸਨ :

*ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ।।*
*ਕਲਿ ਤਾਤੀ ਠਾਂਢਾ ਹਰਿ ਨਾਉ ਸਿਮਰਿ ਸਿਮਰਿ ਸਦਾ ਸੁਖ ਪਾਉ।। (ਮਹਲਾ 5)*
*ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ।। (ਮਹਲਾ 1)*
*ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ।।*
*ਕਹੁ ਨਾਨਕ ਸੋਈ ਨਰ ਗੁਰੂਆ ਜੋ ਪ੍ਰਭ ਕੇ ਗੁਨ ਗਾਵੈ।। (ਬਿਲਾਵਲ ਮਹਲਾ 1)*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਸਮੂਹ ਖਾਲਸੇ ਲਈ ਰਹਿਤਨਾਮਾ ਲਿਖ ਕੇ ਭੇਜਿਆ। ਇਸ ਰਹਿਤਨਾਮੇ ਵਿਚ "ਪਿਛਲੀ ਰਾਤ ਉਠ ਕੇ ਸਣੇ ਕੇਸੀਂ ਇਸ਼ਨਾਨ ਕਰਨਾ, ਬਾਣੀ ਪੜ੍ਹਨੀ, ਸੀਲ ਸੰਤੋਖ ਰਖਣਾ"। ਦੱਸਿਆ ਅਤੇ ਨਾਮ ਜਪਣ ਬਾਰੇ ਹੁਕਮ ਕੀਤਾ :

**(ਬਾਕੀ ਸਫਾ 6 'ਤੇ)**

# ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ

## ■ ਆਸਾ ਦੀ ਵਾਰ ਦਾ ਮਨੋਹਰ ਕੀਰਤਨ ■ ਹੱਲੇ ਦੇ ਦਿਵਾਨ ■ ਕਵੀਸ਼ਰੀ ■ ਕੀਰਤਨ ਦਰਬਾਰ ■ ਨਾਮ ਸਿਮਰਨ ■ ਪਾਠਾਂ ਦੇ ਭੋਗ



**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਉਪਸਥਿਤ ਸਾਧ ਸੰਗਤ।**

**ਸ੍ਰੀ ਭੈਣੀ ਸਾਹਿਬ, 1 ਜਨਵਰੀ 2017**–ਸਰਬੰਸਦਾਨੀ, ਅੰਮ੍ਰਿਤ ਦੇ ਦਾਤੇ, ਖਾਲਸਾ ਪੰਥ ਦੇ ਮੋਢੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਵਰ੍ਹਾ ਸ੍ਰੀ ਭੈਣੀ ਸਾਹਿਬ ਵਿਖ ਬੜੀ ਸ਼ਰਧਾ ਤੇ ਪਿਆਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਗੰਮੀ-ਅਦੁੱਤੀ ਨੂਰਾਨੀ ਅਤੇ ਅਜੀਜ ਸਖਸ਼ੀਅਤ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਨਿਰਾਲੀ ਲਾਸਾਨੀ ਹੈ। ਗੁਰੂ ਜੀ ਸਹਿਜ ਸਬਰ, ਸਿਦਕ, ਦ੍ਰਿੜ ਅਤੇ ਚੜ੍ਹਦੀ ਕਲਾ ਦੇ ਅਨੂਠੇ ਮੁਜੱਸਮੇ ਸਨ। ਉਹਨਾਂ ਨੇ ਆਪਣੇ ਪ੍ਰਕਾਸ਼ ਬਾਰੇ ਆਪਣੀ ਸਵੈ ਜੀਵਨੀ ਬਚਿਤਰ ਨਾਟਕ ਵਿਚ ਲਿਖਿਆ ਹੈ :

*ਮੁਰਪਿਤ ਪੂਰਬ ਕੀਯਸਿ ਪਯਾਨਾ।।*
*ਭਾਤਿ- ਭਾਤਿ ਕੇ ਤੀਰਥ ਨਾਨਾ।।*
*ਜਬ ਹੀ ਜਾਤ ਤ੍ਰਿਬੇਣੀ ਭਏ।*
*ਪੁੰਨ ਦਾਨ ਦਿਨ ਕਰਤ ਬਿਤਾਏ।।*
*ਤਹੀ ਪ੍ਰਕਾਸ਼ ਹਮਾਰਾ ਭਯੋ।।*
*ਪਟਨਾ ਸਹਰ ਬਿਖੈ ਭਵ ਲਯੋ।।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਤੇ ਮਨੁੱਖੀ ਜਾਮੇ ਵਿਚ ਆਉਣ ਦਾ ਕਾਰਣ ਦੱਸਿਆ :

*ਯਾਹੀ ਕਾਜ ਧਰਾ ਹਮ ਜਨਮੰ।।*
*ਸਮਝ ਲੇਹੁ ਸਾਧੂ ਸਭ ਮਨਮੰ।।*
*ਧਰਮ ਚਲਾਵਨ ਸੰਤ ਉਬਾਰਨ।।*
*ਦੁਸਟ ਸਭ ਹਨ ਕੋ ਮੂਲ ਉਪਾਰਨ।।*

ਉਹਨਾਂ ਨੇ ਸੰਸਾਰ ਤੇ ਆ ਕੇ ਆਪਣੇ ਇਸ ਮਨੋਰਥ ਨੂੰ ਪੂਰਾ ਕੀਤਾ। ਖਾਲਸਾ ਪੰਥ ਦੀ ਸਾਜਨਾ ਕਰਕੇ ਇਕ ਨਵੇਂ ਜੁਗ ਦੀ ਸ਼ੁਰੂਆਤ ਕੀਤੀ। ਮੁਗਲ ਸਾਮਰਾਜ ਨਾਲ ਲੋਹਾ ਲੈ ਕੇ ਖਾਲਸਾ ਪੰਥ ਦੇ ਝੰਡੇ ਨੂੰ ਉਚਾ ਚੁੱਕਿਆ। ਉਹਨਾਂ ਨੇ ਆਪਣਾ ਜੀਵਨ ਜੰਗਾਂ ਯੁੱਧਾਂ ਵਿਚ ਬਤੀਤ ਕੀਤਾ। ਚਮਕੌਰ ਦੀ ਗੜ੍ਹੀ ਦਾ ਯੁੱਧ, ਮਾਛੀਵਾੜੇ ਦੇ ਜੰਗਲਾਂ ਵਿਚ ਨੰਗੇ ਚਰਨੀਂ ਜਾਣਾ ਤੇ ਆਖਣਾ ਮਿਤਰ ਪਿਆਰੇ ਨੂੰ ਹਾਲ ਫਕੀਰਾ ਦਾ ਕਹਿਣਾ ਦਾ ਇਤਿਹਾਸ ਇਕ ਨਿਵੇਕਲਾ ਹੀ ਹੈ। ਉਹਨਾਂ ਦਾ ਸਾਰਾ ਜੀਵਨ ਹਰ ਪੱਖੋਂ ਅਚੰਭਿਤ ਕਰਨ ਵਾਲਾ ਸੀ। ਉਹਨਾਂ ਨੇ 9 ਸਾਲ ਦੀ ਉਮਰ ਵਿਚ ਹੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਵਾਸਤੇ ਕੁਰਬਾਨੀ ਦੇਣ ਲਈ ਦਿੱਲੀ ਭੇਜਿਆ। ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਰੰਭ ਕੀਤੇ ਸਿੱਖ ਧਰਮ ਦੇ ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤਾਂ ਨੂੰ ਬਹੁਤ ਹੀ ਤੇਜੀ ਤੇ ਦੈਵੀ ਕੁਸ਼ਲਤਾ ਨਾਲ ਸਿਖਰ ਤੇ ਪਹੁੰਚਾਇਆ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਕੁਲ 14 ਜੰਗਾਂ ਲੜੀਆਂ। ਸਭ ਤੋਂ ਪਹਿਲੀ ਜੰਗ ਉਹਨਾਂ ਦੀ ਭੰਗਾਣੀ ਦਾ ਯੁਧ ਸੀ ਤੇ ਆਖਰੀ ਜੰਗ ਖਦਰਾਣੇ ਦੀ ਢਾਬ ਸੀ। ਉਸ ਮਹਾਨ ਸਤਿਗੁਰੂ ਜੀ ਦਾ 350ਵਾਂ ਪ੍ਰਕਾਸ਼ ਵਰ੍ਹਾ ਅੱਜ ਦੇਸ ਦੇ ਵੱਖ ਵੱਖ ਹਿੱਸਿਆ ਵਿਚ ਮਨਾਇਆ ਜਾ ਰਿਹਾ ਹੈ। ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਅੱਜ 1 ਜਨਵਰੀ 2017 ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਮਨਾਇਆ ਗਿਆ।

**ਆਸਾ ਦੀ ਵਾਰ ਦਾ ਕੀਰਤਨ–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਤੰਤੀ ਸਾਜਾਂ ਨਾਲ ਹਜ਼ੂਰੀ ਰਾਗੀ ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸ਼ਾਮ ਸਿੰਘ, ਸੁਰਮੁਖ ਸਿੰਘ, ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ ਨੇ ਕੀਤਾ। ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਸੰਬੰਧੀ ਸ਼ਬਦ ਗਾਇਨ ਕੀਤੇ ਗਏ।

**ਹੱਲੇ ਦੇ ਦਿਵਾਨ–** ਜਥੇਦਾਰਾਂ ਨੇ ਹੱਲੇ ਦੇ ਦਿਵਾਨ ਸਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਆਪਣੇ ਸਮੇਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ। ਸ੍ਰੀ ਸਤਿਗੁਰੂ ਜੀ ਵਲੋਂ ਕੀਤੇ ਕੌਤਕਾਂ ਦਾ ਵਰਨਣ ਕੀਤਾ। ਜਥੇਦਾਰ ਜਸਬੀਰ ਸਿੰਘ ਖਿਆਲਾ ਨੇ ਹੱਲੇ ਦਾ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਨਿਤਨੇਮ–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ ਸਰਵਣ ਕੀਤਾ ਗਿਆ। ਸਾਰੀ ਸੰਗਤ ਨੇ ਇਕ ਘੰਟਾ ਨਿਤਨੇਮ ਕੀਤਾ। ਵੱਖ ਵੱਖ ਸਥਾਨਾਂ ਤੋਂ ਆ ਕੇ ਸੰਗਤ ਨੇ ਮੇਲੇ ਦੀ ਰੌਣਕ ਨੂੰ ਵਧਾਇਆ। ਯਾਦ ਰਹੇ ਕਿ ਅੱਜ ਸਾਧ ਸੰਗਤ ਵਲੋਂ ਜੋ 152 ਅਖੰਡ ਪਾਠ ਕੀਤੇ ਗਏ ਸਨ ਉਹਨਾਂ ਦੀ ਸਮਾਪਤੀ ਵੀ ਅੱਜ ਹੀ ਸਵੇਰੇ 9 ਵਜੇ ਕੀਤੀ ਗਈ। ਸੀ। ਅੱਜ ਦੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਰਾਗੀ ਸਿੰਘਾਂ ਸੰਤ ਬਲਵੰਤ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲਕੇ ਤੰਤੀ ਸਾਜਾਂ ਨਾਲ ਕੀਰਤਨ ਗਾਇਨ ਕੀਤਾ। ਸ਼ਬਦ ਸੀ–

***ਮੈ ਹੂੰ ਪਰਮ ਪੁਰਖ ਕੋ ਦਾਸਾ***
***ਦੇਖਨ ਆਇਓ ਜਗਤ ਤਮਾਸ਼ਾ।।***

ਇਸ ਤੋਂ ਬਾਅਦ ਵੱਖ ਵੱਖ ਬੁਲਾਰਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਕਵਿਤਾਵਾਂ ਪੇਸ਼ ਕੀਤੀਆਂ।

**(ਬਾਕੀ ਸਫਾ 6 'ਤੇ)**

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## *ਸਤਿਗੁਰੂ ਰਾਮ ਸਿੰਘ ਜੀ ਨੇ ਸੁਦੇਸ਼ੀ ਨੂੰ ਅਪਣਾਇਆ*



ਸਤਿਗੁਰੂ ਨਾਨਕ ਦੇਵ ਜੀ ਦੇ ਬਾਰ੍ਹਵੇਂ ਸਰੂਪ, ਸਤਿਗੁਰੂ ਰਾਮ ਸਿੰਘ ਜੀ ਨੇ ਆ ਕੇ ਵੇਖਿਆ ਕਿ ਲੋਕ ਬੜੇ ਗਲਤ ਰਾਹ ਤੇ ਜਾ ਰਹੇ ਹਨ। ਉਹ ਮਾਸ ਖਾਂਦੇ, ਅਮਲ ਖਾਂਦੇ ਤੇ ਸ਼ਰਾਬ ਪੀਂਦੇ ਹਨ। ਲੋਕਾਂ ਦਾ ਆਚਾਰ ਬਿਲਕੁਲ ਗਿਰ ਗਿਆ ਹੈ। ਬਹੁਤ ਸਾਰੇ ਲੋਕ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਂਦੇ ਹਨ। ਸਤਿਗੁਰੂ ਜੀ ਨੇ ਲੋਕਾਂ ਨੂੰ ਸਿਧੇ ਰਾਹ ਪਾਇਆ । ਉਹਨਾਂ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਨੂੰ ਅੱਗੇ ਤੋਰਿਆ। ਅਗੇ ਸਿੱਖਾਂ ਨੂੰ ਹੀ ਕਛਿਹਰੇ ਪੁਆਏ ਗਏ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਨੂੰ ਵੀ ਕਛਿਹਰੇ ਪੁਆਏ ਤੇ ਅੰਮ੍ਰਿਤ ਛਕਾਇਆ। ਉਹਨਾਂ ਵਿਧਵਾ ਵਿਆਹ ਸ਼ੁਰੂ ਕੀਤੇ। ਉਹਨਾਂ ਦਿਨਾਂ ਵਿਚ ਵਿਆਹ ਦੀ ਗੁਰਮਤਿ ਰਸਮ ਚਾਲੂ ਕੀਤੀ। ਸੰਨ 1863 ਵਿਚ 6 ਜੋੜਿਆਂ ਦੇ ਇਕੱਠੇ ਅਨੰਦ ਕਾਰਜ ਕੀਤੇ। ਵਿਆਹ ਦੀ ਰਸਮ ਸ਼ੁਰੂ ਕਰਨ ਕਰਕੇ ਸਤਿਗੁਰੂ ਜੀ ਦਾ ਪੰਡਤਾਂ ਤੇ ਹੋਰ ਮੋਹਤਬਰ ਸੱਜਣਾਂ ਵਿਰੋਧ ਕੀਤਾ। ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕੀਤਾ ਗਿਆ। ਆਪ ਨੂੰ ਬਹੁਤ ਕਸ਼ਟ ਉਠਾਉਣੇ ਪਏ।

ਸਤਿਗੁਰੂ ਰਾਮ ਸਿੰਘ ਜੀ ਨੇ ਸੁਦੇਸ਼ੀ ਨੂੰ ਅਪਣਾਇਆ, ਅੰਗਰੇਜ਼ ਸਰਕਾਰ ਦੀਆਂ ਕਚਹਿਰੀਆਂ ਦਾ ਬਾਈਕਾਟ ਕੀਤਾ। ਡਾਕ ਦਾ ਸਿਸਟਮ ਆਪਣਾ ਆਰੰਭ ਕੀਤਾ, ਅੰਗਰੇਜ਼ ਦੀ ਡਾਕ ਨਹੀ ਵਰਤੀ। ਅੰਗਰੇਜ਼ ਹਕੂਮਤ ਦਾ ਹਰ ਪੱਖੋਂ ਵਿਰੋਧ ਕੀਤਾ।

ਅੰਗਰੇਜ਼ ਸਤਿਗੁਰੂ ਰਾਮ ਸਿੰਘ ਜੀ ਤੇ ਕੂਕਿਆਂ ਨੂੰ ਆਪਣਾ ਵੱਡਾ ਦੁਸ਼ਮਣ ਸਮਝਦਾ ਸੀ। ਉਸਨੇ ਆਪਣੀਆਂ ਲਿਖਤਾਂ ਵਿਚ ਲਿਖਿਆ, ਕੂਕਾ ਸ਼ਰਾਬ ਨਹੀਂ ਪੀਂਦਾ, ਕੂਕਾ ਝੂਠ ਨਹੀਂ ਬੋਲਦਾ, ਕੂਕਾ ਕਦੇ ਅੰਗਰੇਜ਼ ਦਾ ਵਫਾਦਾਰ ਨਹੀਂ ਹੋ ਸਕਦਾ। ਉਸਨੇ ਸਿਰਫ ਕੂਕੇ ਸਿੱਖਾਂ ਵਾਸਤੇ ਹੀ ਇਹ ਲਿਖਿਆ, *"It is impossible for a Kuka to be loyal subject of British Govt."* ਸਾਰੇ ਹਿੰਦੋਸਤਾਨ ਵਿਚ ਇਹ ਸ਼ਬਦ ਹੋਰ ਕਿਸੇ ਕੌਮ ਵਾਸਤੇ ਨਹੀਂ ਲਿਖੇ ਗਏ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛੱਤਰ ਛਾਇਆ ਹੇਠ

## ਪੰਜਵਾਂ

# ਹੋਲਾ ਮਹੱਲਾ

**ਸਥਾਨ : ਸ੍ਰੀ ਭੈਣੀ ਸਾਹਿਬ ਜ਼ਿਲ੍ਹਾ– ਲੁਧਿਆਣਾ (ਪੰਜਾਬ)**

**ਤਾਰੀਖ : 12 ਤੋਂ 16 ਮਾਰਚ 2017 (29 ਫਗਣ ਤੋਂ 3 ਚੇਤਰ 2073)**

**ਦਿਨ : ਐਤਵਾਰ, ਸੋਮਵਾਰ, ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ**

ਪੌਰਾਣਿਕ ਪਿਛੋਕੜ ਨਾਲ ਜੁੜੇ ਇਸ ਤਿਉਹਾਰ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਜਨ ਬੰਦਗੀ, ਕਥਾ ਕੀਰਤਨ ਅਤੇ ਦੇਸ਼ ਦੀ ਆਜ਼ਾਦੀ ਲਈ ਉਲੀਕੇ ਪ੍ਰੋਗਰਾਮ ਨੂੰ ਪ੍ਰਚਾਰਨ–ਪ੍ਰਸਾਰਨ ਦਾ ਸਾਧਨ ਬਣਾਇਆ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਸ ਪ੍ਰੰਪਰਾ ਨੂੰ ਅੱਗੇ ਤੋਰਿਆ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਹੋਲੇ ਨਾਲ ਜੋੜ ਕੇ, ਮੇਲੇ ਨੂੰ ਹੋਰ ਸੁਹਾਵਣਾ ਕੀਤਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲੇ ਮਹੱਲੇ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਆਗਿਆ ਕਰਕੇ ਇਸ ਨੂੰ ਤ੍ਰਿਬੇਣੀ ਸੰਗਮ ਬਣਾ ਦਿੱਤਾ।

## ਮਹੱਤਵਪੂਰਨ ਪ੍ਰੋਗਰਾਮ

❀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਨੂਰਾਨੀ ਦਰਸ਼ਨ ❀ ਆਸਾ ਦੀ ਵਾਰ ❀ ਹੱਲੇ ਦੇ ਦਿਵਾਨ

❀ ਨਾਮ ਸਿਮਰਨ ❀ ਗੁਰਬਾਣੀ ਅਧਾਰਿਤ ਕੀਰਤਨ ❀ ਕਵੀ ਦਰਬਾਰ

❀ ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ❀ ਪਤਵੰਤੇ ਸੱਜਣਾਂ ਦਾ ਮਾਣ ਸਨਮਾਨ

❀ ਦਾਜ ਦਹੇਜ ਰਹਿਤ ਸਮੂਹਿਕ ਅਨੰਦ ਕਾਰਜ ❀ ਗੁਰਸਿੱਖੀ ਪ੍ਰਚਾਰ

ਨਾਮਧਾਰੀ ਦਰਬਾਰ ਦੀਆਂ ਨਵੀਆਂ ਪ੍ਰਕਾਸ਼ਨਾਵਾਂ :

❀ ਨਾਮਧਾਰੀ ਨਿਤਨੇਮ ❀ ਸਤਿਜੁਗ ਦਾ ਸਲਾਨਾ ਅੰਕ ❀ ਬਿ: 2074 ਦਾ ਸਚਿੱਤਰ ਕਲੰਡਰ

ਸਮੂਹ ਸਾਧ ਸੰਗਤ ਹੁੰਮ ਹੁਮਾ ਕੇ ਪੁੱਜੇ ਅਤੇ ਨਾਮ ਦੀ ਰੰਗਣ ਗੂੜ੍ਹੀ ਕਰ ਕੇ ਆਪਣਾ ਲੋਕ ਪ੍ਰਲੋਕ ਸਵਾਰੇ।

ਜ਼ਰੂਰੀ ਸੂਚਨਾਵਾਂ– ● ਸਾਰੇ ਨਾਮਧਾਰੀ ਸਿੱਖ ਗੁਰਮੁਖੀ ਪਹਿਰਾਵੇ ਵਿੱਚ ਆਉਣ ਅਤੇ ਸ੍ਰੀ ਸਤਿਗੁਰੂ ਜੀ ਦੀ ਮਰਯਾਦਾ ਦਾ ਪਾਲਣ ਕਰਨ। ● ਸਾਰੇ ਆਪੋ ਆਪਣੇ ਬਿਸਤਰੇ, ਮਾਲਾ, ਗੁਟਕੇ, ਆਸਣ, ਪਊਏ ਅਤੇ ਗੜਵੇ ਨਾਲ ਲੈ ਕੇ ਆਉਣ। ● ਸਾਧ ਸੰਗਤ ਦਿਵਾਨ ਵਿਚ ਬੈਠ ਕੇ ਸ਼ਬਦ ਕੀਰਤਨ ਸੁਣੇ ਅਤੇ ਨਾਮ ਸਿਮਰਨ ਕਰੇ। ● ਕੋਈ ਵਿਅਕਤੀ ਹੋਲੇ ਤੇ ਡਾਂਗ, ਸੋਟਾ ਜਾਂ ਹਥਿਆਰ ਲੈ ਕੇ ਨਾ ਆਵੇ। ● ਸਿਗਰਟ, ਸ਼ਰਾਬ ਜਾਂ ਹੋਰ ਨਸ਼ੀਲਾ ਪਦਾਰਥ ਪੀ ਕੇ ਜਾਂ ਨਾਲ ਲੈ ਕੇ ਆਉਣ ਦੀ ਸਖਤ ਮਨਾਹੀ ਹੈ। ● ਸਭ ਲਈ ਸਤਿਗੁਰੂ ਜੀ ਦੇ ਥਾਪੇ ਪ੍ਰਬੰਧਕਾਂ ਦੀ ਆਗਿਆ ਦਾ ਪਾਲਣ ਕਰਨਾ ਜ਼ਰੂਰੀ ਹੈ।

ਨੋਟ : ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਕਿਸੇ ਵੀ ਪ੍ਰੋਗਰਾਮ ਵਿੱਚ ਤਬਦੀਲੀ ਹੋ ਸਕਦੀ ਹੈ।

## ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ (ਪੰਜਾਬ)

# ਤਬੀ ਬਾਰ੍ਹਵਾਂ ਬਪ ਪਹਿਚਾਨੋ... (ਬਾਕੀ ਸਫਾ 2 ਦੀ)

**"ਭਜਨ ਅਠੇ ਪਹਿਰ ਕਰਨਾ ਗੁਰੂ ਸਚੇ ਦਾ।"**

**"ਜੋ ਕੋਈ ਭਜਨ ਪੁਛਕੇ ਨਾ ਕਰੂਗਾ ਉਸ ਦਾ ਮੂਹ ਦੂਹੀ ਜਹਾਨੀ ਕਾਲਾ ਹੋਊਗਾ।"**

ਸਰੀਰਕ ਸੁੱਚਤਾ ਲਈ ਸੁੱਚ ਸੋਧ ਦਾ ਖਾਣਾ ਅਤੇ ਸਧਾਰਨ ਬਾਣਾ ਰੱਖਣਾ ਸੀ। ਪਰ ਆਪਣੇ ਮਨੋਬਲ ਨੂੰ ਵਧਾਉਣ ਲਈ ਉਸ ਵਿਚ ਟਿਕਾਅ ਲਿਆਉਣ ਲਈ ਸਦਾਚਾਰ ਉਚਤਾ ਦੀ ਮਦਦ ਸੀ। ਲੋਕ ਭਲਾਈ ਲਈ ਲੋੜਵੰਦ ਦੀ ਮਦਦ ਸੀ। ਏਸੇ ਕਰਕੇ ਆਪ ਨੇ ਲਿਖਿਆ, ***"ਪੁੰਨ ਦਾਨ ਤੇ ਧਨ ਨਹੀਂ ਘਟਦਾ ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ"*** ਆਪ ਜੀ ਨੇ ਉਪਦੇਸ਼ ਕੀਤਾ, ***"ਜਿਤਨੇ ਸੁਖ ਹੈਨ ਲੋਕ ਦੇ ਸੋ ਸਾਰੇ ਗੁਰਮਤ ਮੈ ਹੈਨ। ਜਿਤਨੇ ਦੁਖ ਹੈਨ, ਸੋ ਮਨਮਤ ਮੈ ਹੈਨ।"*** ਸੱਚ ਪਵਿਤਰਤਾ ਰੱਖ ਕੇ, ਦੂਜੇ ਦਾ ਭਲਾ ਸੋਚ ਕੇ, ਸਮਾਜ ਵਿਚ ਚੰਗੇ ਗੁਣਾਂ ਨੂੰ ਅਪਣਾ ਕੇ, ਬਾਣੀ ਪੜਕੇ, ਭਜਨ ਬੰਦਗੀ ਕਰਕੇ, ਸਤਿਗੁਰੂ ਦਾ ਹੁਕਮ ਮੰਨ ਕੇ ਦੁਰਾਚਾਰ, ਅਨਾਚਾਰ ਛੱਡਕੇ ਅਧਿਆਤਮਕ ਪੱਧਰ ਵੀ ਏਨਾ ਉਚਾ ਹੋ ਗਿਆ ਕਿ ਉਹਨਾਂ ਨੂੰ ਤੋਪ ਜਾਂ ਫਾਂਸੀ ਦੀ ਮਾਰ ਭੈਅਭੀਤ ਨਹੀਂ ਕਰ ਸਕੀ। ਸਮੁੱਚੇ ਵਾਤਾਵਰਣ ਵਿਚ ਜੀਵ ਕਲਿਆਣ ਅਤੇ ਪ੍ਰਭੂ ਭਗਤੀ ਦੀ ਇਕ ਐਸੀ ਫਿਜਾ ਬਣ ਗਈ ਕਿ ਕਲਜੁਗ ਵਿਚ ਸਤਿਜੁਗ ਦਾ ਵਰਤਾਰਾ ਵਰਤ ਰਿਹਾ ਹੈ ਅਤੇ ਇਹੀ ਬਾਰ੍ਹਵੇਂ ਰੂਪ ਦਾ ਪਹਿਚਾਣ ਚਿੰਨ੍ਹ ਹੈ।

# ਸ੍ਰੀ ਭੈਣੀ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮੇਲਾ... (ਬਾਕੀ ਸਫਾ 2 ਦੀ)

**ਸੰਤ ਗੁਰੂਬਚਨ ਸਿੰਘ ਚੰਡੀਗੜ੍ਹ** ਵਾਲਿਆਂ ਨੇ ਕਿਹਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 9 ਸਾਲ ਦੀ ਉਮਰ ਵਿਚ ਉਹਨਾਂ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਕੱਟ ਦਿੱਤਾ ਗਿਆ ਅਤੇ ਓਹਨਾਂ ਨੇ ਸੰਕਲਪ ਕੀਤਾ ਕਿ ਮੈਂ ਸਾਰਾ ਜੀਵਨ ਇਸ ਅਤਿਆਚਾਰ ਦੇ ਵਿਰੁੱਧ ਲੜਾਂਗਾ। ਗੁਰੂ ਜੀ ਦੇ ਸਿੱਖਾਂ ਨੇ ਮੌਤ ਨੂੰ ਹੱਸ ਕੇ ਕਬੂਲ ਕੀਤਾ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਉਹਨਾਂ ਨੇ ਕੁਰਬਾਨੀਆਂ ਦਿੱਤੀਆਂ ਜਿਸ ਦੀ ਮਿਸਾਲ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਉਹਨਾਂ ਦੀਆਂ ਅੱਖਾਂ ਵਿਚੋਂ ਕਦੀ ਵੀ ਨੀਰ ਨਹੀਂ ਵੱਗਿਆ।

**ਕਵੀ ਫਕੀਰ ਚੰਦ ਤੁਲੀ**–ਤੁਲੀ ਜੀ ਨੇ ਬੀਰ ਰਸ ਤੇ ਭਗਤੀ ਰਸ ਵਿਚ ਕਵਿਤਾਵਾਂ ਪੇਸ਼ ਕੀਤੀਆਂ।

*ਦਸਮ ਪਿਤਾ ਜੀ ਖੰਡੇਧਾਰ ਵਿਚੋਂ*
*ਖੰਡਿਆਂ ਜਿਹੇ ਸਰਦਾਰਾਂ ਨੂੰ ਜਨਮ ਦਿੱਤਾ।*

**ਸ੍ਰੀ ਭੰਵਰਾ ਜੀ** ਨੇ ਕਿਹਾ ਕਿ ਅੱਜ ਸ੍ਰੀ ਸਤਿਗੁਰੂ ਜੀ ਦੇ 350 ਸਾਲਾ ਗੌਰਮਈ ਇਤਿਹਾਸ ਦਾ ਵਰਨਣ ਹੋ ਰਿਹਾ ਹੈ।

***ਤੇਰੇ ਕਵਨ ਕਵਨ ਗੁਨ ਕਹਿ ਕਹਿ ਗਾਵਾਂ***
***ਤੂੰ ਸਾਹਿਬ ਗੁਨੀ ਨਿਧਾਨਾ।।***

**ਸ. ਪੰਛੀ ਜੀ** ਉਰਦੂ ਦੇ ਪ੍ਰਮੁੱਖ ਸ਼ਾਇਰ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਇਕ ਐਸਾ ਧਰਮ ਹੈ ਜਿਨਾਂ ਵਿਚ 10 ਗੁਰੂਆਂ ਵਿਚੋਂ 7 ਸ਼ਾਇਰ ਹਨ ਤੇ ਕਮਾਲ ਦੀ ਸ਼ਾਇਰੀ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਣ ਸਮੇਂ ਜੋ ਭਾਸ਼ਣ ਦਿਤਾ ਸੀ ਉਸ ਨੂੰ ਕਵਿਤਾ ਦੇ ਰੂਪ ਵਿਚ ਪੇਸ਼ ਕੀਤਾ–

*ਵਿਛੀ ਜੋ ਆਜ ਧਰਤੀ ਪਰ ਹੋ*
*ਬਣਕੇ ਖਾਜ ਬੋਲੇਗੀ*
*ਗਰੀਬੋ ਕੀ ਜ਼ਬਾਨ ਬਣ ਕੇ ਤਲਵਾਰ ਬੋਲੇਗੀ*
*ਯੇ ਗਰਦਨ ਕਟ ਤੋ ਸਕਤੀ ਹੈ*
*ਮਗਰ ਯੇ ਝੁਕ ਨਹੀਂ ਸਕਤੀ।*

**ਧਰਮਿੰਦਰ ਸ਼ਾਇਰ ਜੀ** ਨੇ ਦੋ ਕਵਿਤਾਵਾਂ ਪੇਸ਼ ਕੀਤੀਆਂ–

*ਨਹੀਂ ਦੁਨੀਆਂ ਤੇ ਕਲਗੀਧਰ*
*ਜਿਹਾ ਅਵਤਾਰ ਹੋਵੇ*
*ਦਿਖਉ ਜੇ ਕਿਤੇ ਕੋਈ*
*ਬੇਕਿਤਾ ਯਾਰ ਹੋਵੇਗਾ।*
*–ਕਲਮ ਦਾ ਸੀ ਧਨੀ*
*ਦਾਤਾ ਸਿਪਾਹੀ ਉਚ ਕੋਟੀ ਦਾ।*

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਪੁੱਤਰ ਵਾਰੇ ਹਨ ਸਾਨੂੰ ਸੂਲ ਚੁੰਭ ਜਾਵੇ ਤਾਂ ਕਿੰਨੀ ਦਰਦ ਹੁੰਦੀ ਹੈ।

**ਕਮਲਜੀਤ ਸਿੰਘ ਨੀਲੋਂ** ਇਕ ਕਵਿਤਾ ਪੇਸ਼ ਕੀਤੀ–

*ਕਿਵੇਂ ਤੇਰੇ ਹੋਣਗੇ ਮਾਤਾ ਗੁਜਰੀ ਦੇ ਲਾਲ।*
*ਜਿਗਰਾ ਪਹਾੜ ਜਿੱਡਾ, ਮਿਲੇ ਨਾ ਮਿਸਾਲ।*

**ਪ੍ਰਿੰ. ਰਾਮ ਸਿੰਘ** ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਝਲਕੀਆਂ ਪੇਸ਼ ਕੀਤੀਆਂ। ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਗੜ੍ਹੀ ਵਿਚ ਸਿੰਘਾ ਨੇ ਕਿਹਾ ਤੁਸੀਂ ਇਥੋਂ ਚਲੇ ਜਾਵੋ ਸਾਡੇ ਵਰਗੇ ਕਈ ਹੋਰ ਤਿਆਰ ਕਰ ਲਵੋਗੇ। ਉਹਨਾਂ ਕਵਿਤਾ ਪੇਸ਼ ਕੀਤੀ।

***ਤੇਰੇ ਕਵਣ ਗੁਣ ਕਹਿ ਕਹਿ ਗਾਵਾਂ***
***ਤੂੰ ਸਾਹਿਬ ਗੁਣੀ ਨਿਧਾਨਾ।।***

**ਸ੍ਰੀ ਅਵਿਨਾਸ਼ ਰਾਏ ਖੰਨਾ** ਨੇ ਕਿਹਾ ਕਿ ਅੱਜ ਅਸੀਂ ਦੋ ਮਹੱਤਵਪੂਰਨ ਦਿਨ ਮਨਾ ਰਹੇ ਹਾਂ। ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਦਿਹਾੜਾ, ਦੂਸਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਦਿਹਾੜਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਤੇ ਆਕੇ ਮਨੁੱਖਤਾ ਦੀ ਭਲਾਈ ਵਾਸਤੇ ਕਾਰਜ ਕੀਤੇ। ਉਨ੍ਹਾਂ ਨੇ ਇਕ ਅਜਿਹੇ ਸਮੇਂ ਵਿਚ ਆਕੇ ਖਾਲਸਾ ਪੰਥ ਦੀ ਸਿਰਜਨਾ ਕਰਕੇ ਵੈਰੀ ਨੂੰ ਭਾਜੜਾਂ ਪਾਈਆਂ। ਸਿੰਘਾਂ ਨੂੰ ਸੇਰ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਇਕ ਨਿਡਰ, ਸੂਰਬੀਰ ਯੋਧੇ ਸਨ ਜਿਹਨਾਂ ਨੇ ਆਪਣਾ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਬਤੀਤ ਕੀਤਾ। ਮਾਛੀਵਾੜੇ ਦੇ ਜੰਗਲਾਂ ਵਿਚ ਉਹਨਾਂ ਦਾ ਚੋਲਾ ਲੀਰੋ ਲੀਰ ਹੋ ਗਿਆ ਤੇ ਨੰਗੇ ਪੈਰੀਂ ਜੰਗਲਾਂ ਵਿਚ ਤੁਰਦੇ ਰਹੇ ਤੇ ਕਿਹਾ–

*ਮਿਤਰ ਪਿਆਰੇ ਨੂੰ ਹਾਲ ਫਕੀਰਾ ਦਾ ਕਹਿਣਾ।।*

**ਸਟੇਜ ਸਕੱਤਰ ਸੰਤ ਹਰਪਾਲ ਸਿੰਘ ਸੇਵਕ** ਨੇ ਕੀਤੀ। ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣ ਆਏ ਸਾਰੇ ਕਵੀ ਸਜਣਾਂ ਨੂੰ ਜੀ ਆਇਆਂ ਆਖਿਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਾਰੇ ਹੀ ਸੱਜਣਾਂ ਦਾ ਸਨਮਾਨ ਕੀਤਾ। ਉਹਨਾਂ ਨੂੰ ਸਿਰੋਪਾ ਦੇਣ ਦੀ ਬਖਸ਼ਿਸ਼ ਕੀਤੀ। ਸਾਰੇ ਹੀ ਕਵੀ ਸਜਣਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ।

**ਪਾਠਾਂ ਦੇ ਭੋਗ–** ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ 3 ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ 2 ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਜੀ ਨੇ ਇਸ ਮੌਕੇ ਤੇ ਆਪਣਾ ਪਵਿੱਤਰ ਉਪਦੇਸ਼ ਦੇ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਸਾਰੀ ਹੀ ਸੰਗਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਘਰ ਦੀਆਂ ਅਪਾਰ ਖੁਸ਼ੀਆਂ ਬਖਸ਼ੀਆਂ। ਸਾਰੀ ਹੀ ਸੰਗਤ ਦਾ ਕੋਟਾਨਕੋਟ ਧੰਨਵਾਦ ਕੀਤਾ ਜਿਨਾਂ ਨੇ ਕਿਰਪਾ ਕਰਕੇ ਇਸ ਮੇਲੇ ਦੀ ਰੌਣਕ ਨੂੰ ਵਧਾਇਆ। ਹੁਕਮ ਹੋਇਆ ਕਿ ਸਾਰੀ ਹੀ ਸੰਗਤ ਅਰਦਾਸ ਕਰਕੇ ਆਪੋ ਆਪਣੇ ਸਾਧਨਾਂ ਰਾਹੀਂ ਆਰਾਮ ਨਾਲ ਘਰਾਂ ਨੂੰ ਜਾਵੇ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਦਿਹਾੜਾ ਸਾਧ ਸੰਗਤ ਵਲੋਂ ਤਨ ਤੇ ਮਨ ਨਾਲ ਮਨਾਇਆ ਗਿਆ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**–ਗੁਰਦੇਵ ਸਿੰਘ ਚੀਮਾ**



**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਜ਼ੂਰ ਸਾਹਿਬ ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਰਹਿਤ ਮਰਯਾਦਾ ਲੈਣ ਗਏ ਭਾਈ ਰਾਏ ਸਿੰਘ ਦੀ ਸ਼ੇਰ ਤੋਂ ਰਖਿਆ ਕਰਦੇ ਹੋਏ। ਜਦਕਿ ਉਸ ਦੇ ਰਸਤੇ ਵਿੱਚ ਬਣੇ ਸਾਥੀ ਨੂੰ ਸ਼ੇਰ ਨੇ ਮਾਰ ਮੁਕਾਇਆ ਸੀ।**

# सद्गुरु राम सिंह जी

✍ **डा. रेणु द्विवेदी सम्पूर्णानन्द संस्कृत विश्वविद्यालय, वाराणसी**

सिक्ख समप्रदाय के बाहरवें गुरु सद्गुरु राम सिंह जी हैं। इनका प्रकाश माघ सुदी पंचमी संवत 1872 बि. सन् 1816 ई. को राईयां गाव श्री भैणी सहिब लुधियाना में हुआ। इनके पिता का नाम बाबा जस्सा सिंह तथा माता का नाम सदा कौर जी था। ये बचपन से ही बडे धार्मिक प्रवृति के थे। अक्सर एकान्त में गुरुवाणी का पाठ करते तथा नाम जपा करते थे। युवावस्था प्राप्त होने पर वे खालसा फौज में भर्ती हो गये। परन्तु वहां भी ये अपनी नाम साधना में लगे रहते तथा औरों को भी नाम सिमरन के लिए प्रेरित करते रहते थे।

सन् 1848 ई. में सद्गुरु राम सिंह जी खालसा फौज की नौकरी छोड़ कर अपने गांव भैणी साहिब आ गये तथा तत्कालीन परिस्थितियों पर गहन चिन्तन प्रारम्भ किया। यहां उन्होंने घोर तपस्या की तथा विकट परिस्थितियों से सिक्ख समाज को उबारने के लिए सन् 1857 ई. में नामधारी पंथ 'संत खालसा' की स्थापना की। जिसमें उन्होंने अपने कार्यक्रम की विस्तृत रुपरेखा प्रस्तुत की। उन्होंने सिक्ख समाज में व्याप्त धार्मिक, समाजिक तथा राजनीतिक कुरीतियों का निराकरण करने के लिए पूरे पंजाब प्रांत में 22 सूबों को नियुक्त किया। उन्होंने अपने ध ाार्मिक सुधार कार्यक्रमों में गुरुवाणी का अखंड पाठ, नामस्मरण तथा जप कीर्तन को ज्यादा महत्व दिया। गुरुवाणी के शुद्ध पाठ के लिए उन्होंने आदि श्री ग्रंथ साहिब का प्रकाशन भी करवाया। स्त्रियों पर हो रहे अत्याचारों को दूर करने हेतू कन्यावध को बन्द करवाया। विधवा विवाह की रीति चलायी। उन्होंने विवाह की नई पद्धति को भी प्रचलित किया जिसे आनन्द कारज कहते हैं।

उस समय पंजाब प्रांत पर अंग्रेजों का अधिकार था। अंग्रेज भारतीयों को राजनीतिक रुप से गुलाम बनाने के साथ साथ उन्हें समाजिक दृष्टि से भी गुलाम बना रहे थे। अतः सद्गुरु राम सिंह जी ने अंग्रेज शासकों के समानन्तर अपनी सरकार बना ली थी। उन्होंने अंग्रेज शासकों के पूर्ण बहिष्कार का कार्यक्रम बनाया। उन्होंने अंग्रेज की डाक व्यवस्था, रेल व्यवस्था का पूर्ण बहिष्कार किया। उन्होंने अपने अनुयाईयों को अंग्रेज प्रशासन से पूर्णतः असहयोग करने का आदेश दिया। उन्होंने स्वदेशी अन्दोलन भी चलाया। उनके आन्दोलन को कूका अन्दोलन के नाम से भी जाना जाता है। ब्रिटिश सरकार ने इनके आन्दोलन को कुचलने के लिये पहले तो उन्हें भैणी साहिब में ही नजरबंद रखा, परन्तु बाद में गो हत्या का प्रतिरोध करने पर तथा उनके अनुयायियों द्वारा गो हत्यारों को दण्डित किये जाने पर अंग्रेज सरकार ने कूका आन्दोलन को कुचलने के लिए उनके अनुयायियों को गिरफतार कर प्राणदण्ड दिया तथा उन्हें सन् 1872 ई. में पहले इलाहाबाद तथा वहां से रंगून भेज दिया गया।

सद्गुरु राम सिंह जी जिस कूका आन्दोलन का नेतृत्व कर रहे थे प्रारम्भ में उसका उदेश्य धार्मिक तथा सामाजिक ही था परन्तु बाद में सद्गुरु राम सिंह जी इस आन्दोलन द्वारा स्वतन्त्रता प्राप्त करना चाहते थे। ब्रिटिश सरकार ने इस अन्दोलन को पूर्णतः विकसित होने से पूर्व ही इसे कुचल दिया परन्तु सद्गुरु राम सिंह जी ने तत्कालीन समाज में सिक्खों के अन्दर स्वतन्त्रता की जो ज्योति जला दी थी अंग्रेज सरकार उसे शांत करने में समर्थ न हो सकी। रंगून जाने से पूर्व सद्गुरु राम सिंह जी ने अपने छोटे भाई बुध सिंह जी को १३वां गुरु नियुक्त कर दिया तथा आदेश दिया अब आगे से यही सद्गुरु हरी सिंह के नाम से गुरु नानक पंथ के तेहरवें गद्दीनशीन बनेंगे। ■

# ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ

✍ **ਸੁਰਜੀਤ ਸਿੰਘ ਜੌਬਨ**



**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੈਦਲ ਝਨਾਂ ਦਰਿਆ ਪਾਰ ਕਰ ਰਹੇ ਹਨ। ਸਤਿਗੁਰਾਂ ਦੀ ਜਾਹਰੀ ਕਰਾਮਾਤ ਦੇਖ ਕੇ ਬੇੜੀ ਵਿਚ ਸਵਾਰ ਲੋਕ ਤੇ ਮਲਾਹ ਹੈਰਾਨ ਹੋ ਰਹੇ ਹਨ।**

ਬਸੰਤ ਰੁਤ ਦਾ ਪੂਰੇ ਭਾਰਤ ਵਿਚ ਉਤਸ਼ਾਹ ਨਾਲ ਸੁਆਗਤ ਕੀਤਾ ਜਾਂਦਾ ਹੈ। ਇਸ ਨੂੰ ਰਿਤੂਆਂ ਦਾ ਰਾਜਾ ਵੀ - ਰਿਤੂਰਾਜ ਵੀ ਆਖਿਆ ਜਾਂਦਾ ਹੈ। ਪੂਰੀ ਕੁਦਰਤ ਹਰਿਆਵਲ ਵਿਚ ਝੂਮਣ ਲਗ ਜਾਂਦੀ ਹੈ। ਬਸੰਤ ਸਰਦੀ ਦੇ ਜਾਣ ਦਾ ਹੀ ਸੰਕੇਤ ਕਰਦੀ ਹੈ। ਕੁਦਰਤ ਦੀ ਹਰਿਆਵਲ ਨੂੰ ਵੇਖ ਕੇ ਇਹ ਅਹਿਸਾਸ ਹੁੰਦਾ ਹੈ ਕਿ ਕਰਤਾ ਦੀ ਕੁਦਰਤ ਦੇ ਇਹ ਨਜ਼ਾਰੇ ਕਿਤਨੇ ਰੰਗੀਨ ਅਤੇ ਸੰਜੋਗੀ ਹਨ।

ਇਸੇ ਬਸੰਤ ਪੰਚਮੀ ਦੇ ਦਿਨ ਜ਼ਿਲਾ ਲੁਧਿਆਣਾ ਦੀ ਧਰਤੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਇਆ। ਉਸ ਵੇਲੇ ਪੰਜਾਬ ਤੇ ਦੇਸੀ ਰਿਆਸਤਾਂ - ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਕਪੂਰਥਲਾ, ਸੰਗਰੂਰ ਆਦਿ ਵਿਚ ਸਿੱਖ ਰਾਜਸ਼ਾਹੀ ਮੌਜੂਦ ਸੀ। ਪਰ ਇਹ ਸਾਰੇ ਰਾਜੇ ਅੰਗਰੇਜ਼ ਸਰਕਾਰ ਦੇ ਗੁਲਾਮ ਸਨ, ਉਸ ਦੇ ਹਥਠੋਕੇ ਸਨ। ਦੂਸਰੇ ਪਾਸੇ ਅੰਮ੍ਰਿਤਸਰ ਤੋਂ ਲੈ ਕੇ ਧੁਰ ਅਫਗਾਨਿਸਤਾਨ ਦੀ ਸਰਹੱਦ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਸੀ ਅਤੇ ਇਸ ਨੂੰ ਖਾਲਸਾ ਰਾਜ ਪੁਕਾਰਿਆ ਜਾਂਦਾ ਸੀ। ਮਾਝਾ, ਮਾਲਵਾ, ਦੁਆਬਾ ਦੇ ਹਰੇਕ ਨੌਜਵਾਨ ਦਾ ਸੁਪਨਾ ਹੁੰਦਾ ਸੀ ਕਿ ਉਹ ਖਾਲਸਾ ਰਾਜ ਦੀ ਫੌਜ ਵਿਚ ਸ਼ਾਮਿਲ ਹੋ ਕੇ ਆਪਣੀ ਬਹਾਦਰੀ ਨਾਲ ਨਾਮਣਾ ਕਮਾਏ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਖਾਲਸਾ ਰਾਜ ਦੀ ਸੁਤੰਤਰ ਹੋਂਦ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਦਾ ਪੂਰਾ ਦਬਦਬਾ ਕਾਇਮ ਸੀ। ਪਰ ਇਹ ਦਬਦਬਾ ਉਸ ਦੇ ਪੁੱਤਰ ਅਤੇ ਉਤਰਾਧਿਕਾਰੀ ਕਾਇਮ ਨਹੀਂ ਰਖ ਸਕੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਬੰਦ ਕਰਦੇ ਹੀ ਕੁਝ ਵਰ੍ਹਿਆਂ ਵਿਚ ਖਾਲਸਾ ਰਾਜ ਤਾਸ਼ ਦੇ ਪੱਤਿਆਂ ਵਾਂਗ ਖੇਰੂੰ ਖੇਰੂੰ ਹੋ ਗਿਆ।

ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਹਾਲਾਤ ਨੂੰ ਵੇਖਿਆ, ਚਿੰਤਨ ਅਤੇ ਮਨਨ ਕੀਤਾ ਅਤੇ ਜੋ ਕੁਝ ਕਰਨਾ ਸੀ ਉਸ ਬਾਰੇ ਡੂੰਘਾ ਵਿਚਾਰ ਕੀਤਾ।

ਸਤਿਗੁਰੂ ਜੀ ਦੇ ਸਾਹਮਣੇ ਬਹੁਤ ਸਾਰੀਆਂ ਮੁਸਕਲਾਂ ਸਨ। ਦੇਸੀ ਸਿੱਖ ਰਿਆਸਤਾਂ ਵਿਚ ਸਿਖੀ ਦਾ ਘਾਣ ਹੋ ਰਿਹਾ ਸੀ ਅਤੇ ਵਡੇ ਗੁਰਦੁਆਰੇ ਉਹਨਾਂ ਮਹੰਤਾਂ ਦੇ ਹੱਥਾਂ ਵਿਚ ਆ ਗਏ ਸਨ ਜਿਹੜੇ ਅੰਗਰੇਜ਼ ਦੀ ਟੁਕੜਬੋਚ ਵਿੱਚ ਲੱਗੇ ਹੋਏ ਸਨ। ਉਹਨਾਂ ਲਈ ਆਪਣੇ ਸੁਆਰਥ ਅਤੇ ਮਾਲਿਕ ਅੰਗਰੇਜ਼ ਦੀ ਸਲਾਮਤੀ ਪਹਿਲਾਂ ਸੀ, ਰੱਬ ਦਾ ਨਾਂ ਬਹੁਤ ਪਿਛੇ ਦੀ ਗੱਲ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਸਭ ਤੋਂ ਵੱਡਾ ਟੀਚਾ ਸੀ ਪੰਜਾਬੀਆਂ ਦੇ ਨਰਕ ਵੱਲ ਜਾਂਦੇ ਵਿਸ਼ਵਾਸ, ਅਕੀਦੇ ਅਤੇ ਆਦਰਸ਼ ਨੂੰ ਮੁੜ ਸੁਰਜੀਤ ਕਰਨਾ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਹਿਤ ਰੱਖਣ ਵਾਲਾ ਸਿੱਖ ਨਸ਼ਿਆਂ ਵਿਚ ਗਰਕ ਹੋ ਚੁੱਕਾ ਸੀ, ਉਸ ਦਾ ਇਖਲਾਕ ਗਿਰ ਚੁੱਕਾ ਸੀ। ਸੱਚ ਅਤੇ ਸੁੱਚ ਨਾਲ ਉਸਦਾ ਦੂਰ ਦੂਰ ਤਕ ਨਾਤਾ ਰਿਸ਼ਤਾ ਨਹੀਂ ਰਿਹਾ ਸੀ। ਪੱਗਾਂ ਬਦਲ ਗਈਆਂ, ਰਹਿਣ ਸਹਿਣ ਬਦਲ ਗਿਆ, ਤੌਰ ਤਰੀਕਾ ਬਦਲ ਗਿਆ। ਜਿਮੀਂਦਾਰਾਂ ਨੇ ਅਮੀਰੀ ਵਿਖਾਣੀ ਸ਼ੁਰੂ ਕਰ ਦਿੱਤੀ। ਬੱਚਿਆਂ ਦੇ ਵਿਆਹ ਵੇਲੇ ਮੁਸਲਮਾਨ ਕੰਜਰੀਆਂ ਬਾਹਰੋਂ ਮੰਗਵਾ ਕੇ ਬਰਾਤੀਆਂ ਅਤੇ ਘਰ ਵਾਲਿਆਂ ਅੱਗੇ ਨਚਵਾਈਆਂ ਜਾਂਦੀਆਂ। ਸ਼ਰਾਬ ਅਤੇ ਮਾਸ ਦੇ ਖੁਲ੍ਹੇ ਦੌਰ ਚਲਦੇ। ਇਸ ਵਿਚ ਕੌਣ ਸੱਚ ਅਤੇ ਸੁੱਚ ਦੀ ਗੱਲ ਕਰੇ।


ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸੱਚ ਅਤੇ ਸੁੱਚ ਤੇ ਪਹਿਰਦੇਦਾਰੀ ਕੀਤੀ। ਖੰਡਿਓਂ ਤਿਖੀ ਵਾਲਹੁ ਨਿਕੀ ਸਿੱਖੀ ਦਾ ਸਰੂਪ ਪਰਤਣ ਲੱਗਾ। ਪਿਸ਼ਵਰੀ ਪੱਗਾਂ ਤੇ ਸਲਵਾਰਾਂ ਦੀ ਜਗ੍ਹਾ ਤੇ ਸੰਤ ਪੱਗਾਂ ਅਤੇ ਚੂੜੀਦਾਰ ਪਜਾਮੇ ਪੈਣ ਲੱਗੇ। ਸਿਰ ਤੱਲੀ ਤੇ ਰੱਖਣ ਦੀ ਗੱਲ ਪੁਨਰ ਜੀਵਤ ਹੋਣ ਲਗੀ। ਦੇਸ਼ ਪਿਆਰ ਦੀ ਗੱਲ ਵਾਸਤੇ ਪਹਿਲੀ ਸ਼ਰਤ ਹੀ ਸੱਚ ਹੁੰਦੀ ਹੈ। ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਸੱਚ ਅਤੇ ਸੁੱਚ ਤੋਂ ਭਾਰੀ ਨਫਰਤ ਸੀ। ਉਹਨਾਂ ਨਾਲ ਮਹੰਤਾਂ, ਜਿਮੀਂਦਾਰਾਂ ਨੂੰ ਵੀ ਸੱਚ ਅਤੇ ਸੁੱਚ ਤੋਂ ਭਾਰੀ ਨਫਰਤ ਸੀ। ਸੱਚ ਤੇ ਰਹਿਣ ਵਾਲਾ ਬੇਈਮਾਨੀ ਨਹੀਂ ਕਰ ਸਕਦਾ। ਉਸਨੂੰ ਇਸ ਜੀਵਨ ਦੀ ਲਾਲਸਾ ਨਹੀਂ ਰਹਿ ਜਾਏਗੀ। ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਇਹੀ ਕੰਮ ਕੀਤਾ। ਆਮ ਆਦਮੀ ਨੂੰ ਸਿੱਖ ਬਣਾਇਆ। ਸਿੱਖ ਵਿਚ ਆਤਮ ਵਿਸ਼ਵਾਸ ਜਗਾਇਆ, ਉਸ ਨੂੰ ਸੱਚ ਤੇ ਪਹਿਰੇਦਾਰੀ ਦੇਣ ਦੇ ਕਾਬਲ ਬਣਾਇਆ, ਉਸ ਦੇ ਪੈਰਾਂ ਵਿਚ ਮਜ਼ਬੂਤੀ ਭਰ ਦਿੱਤੀ। ਐਸੀ ਮਜਬੂਤੀ ਕਿ ਫਿਰ ਸਤਿਗੁਰੂ ਦਾ ਸਿੱਖ ਕਿਸੇ ਵੀ ਮੁਸੀਬਤ ਅਗੇ ਥਿੜਕਿਆ ਨਹੀਂ, ਕੰਬਿਆ ਨਹੀਂ। ਸੱਚ ਦੀ ਪਹਿਰੇਦਾਰੀ ਉਸ ਦੇ ਜੀਵਨ ਦਾ ਸਭ ਤੋਂ ਵੱਡਾ ਨਿਸ਼ਾਨਾ ਬਣ ਗਿਆ, ਕੋਈ ਡਰ, ਕੋਈ ਖੌਫ, ਕੋਈ ਸਜ਼ਾ ਉਸਨੂੰ ਇਸ ਟੀਚੇ ਤੋਂ, ਇਸ ਨਿਸ਼ਾਨੇ ਤੋਂ ਡੇਗ ਨਹੀਂ ਸਕੀ। ਉਹਨਾਂ ਲਈ ਸਭ ਤੋਂ ਪਹਿਲਾਂ ਗੁਰੂ ਭਗਤੀ ਸੀ। ਗੁਰੂ ਦੇ ਦਸੇ ਉਪਦੇਸ ਸਨ ਅਤੇ ਉਹਨਾਂ ਉਪਦੇਸਾਂ ਦਾ ਵਿਆਪਕ ਪ੍ਰਚਾਰ ਵੀ ਸੀ। ਦੇਸ਼ ਭਗਤੀ ਦਾ ਐਸਾ ਪਾਠ ਆਪਣੇ ਸਿੱਖਾਂ ਨੂੰ ਪੜਾਇਆ ਕਿ ਫਿਰ ਉਹਨਾਂ ਨੂੰ ਦੂਜਾ ਪਾਠ ਪੜ੍ਹਨ ਦੀ ਜ਼ਰੂਰਤ ਹੀ ਨਾ ਪਈ।

ਨਾਮਧਾਰੀ ਪੰਥ ਵਿਚ ਆਉਣ ਵਾਲੇ ਦਾ ਚਰਿਤਰ ਇਤਨਾ ਉਚਾ ਕਰ ਦਿੱਤਾ ਕਿ ਉਸ ਅਗੇ ਹਰ ਉਚਾਈ ਨੀਵੀਂ ਪੈ ਗਈ। ਇਸ ਉਚਾਈ ਨੇ ਅੰਗਰੇਜ਼ ਸਰਕਾਰ ਨੂੰ ਹੈਰਾਨ ਕਰ ਦਿੱਤਾ।

ਬੁੱਚੜਾਂ ਨੂੰ ਮਾਰਨ ਦੀ ਗੱਲ ਕੇਵਲ ਬੁੱਚੜਾਂ ਨੂੰ ਮਾਰਨ ਤੱਕ ਹੀ ਸੀਮਿਤ ਨਹੀਂ ਸੀ। ਅਸਲ ਵਿਚ ਇਹ ਅੰਗਰੇਜ਼ ਸਰਕਾਰ ਤੇ ਹਮਲਾ ਸੀ, ਬੁੱਚੜਖਾਨੇ ਖੋਲ੍ਹਣ ਵਾਲੀ ਸਰਕਾਰ ਤੇ ਹਮਲਾ ਸੀ। ਦੇਸ ਦੀ ਸਾਂਝੇਪਨ ਦੀ ਸੰਸਕ੍ਰਿਤੀ ਨੂੰ ਖਤਮ ਕਰਨ ਵਾਲੇ ਤੇ ਹਮਲਾ ਸੀ, ਗਊਕਸ਼ੀ ਦੇ ਖਿਲਾਫ ਖੁਲ੍ਹਾ ਹਮਲਾ ਸੀ ਅਤੇ ਫਿਰ ਨਾਮਧਾਰੀ ਸਿੱਖਾਂ ਨੇ ਖਿੜੇ ਮੱਥੇ ਆਪਣੇ ਕੀਤੇ ਦੀ ਸਜਾ ਨੂੰ ਪ੍ਰਵਾਨ ਕਰਨ ਲਈ ਸੰਕੋਚ ਨਹੀਂ ਕੀਤਾ। ਮਲੇਰਕੋਟਲੇ ਵਿਚ ਤੋਪਾਂ ਅੱਗੇ ਖੜ੍ਹੇ ਹੋ ਕੇ ਪੁਰਜਾ ਪੁਰਜਾ ਉਡਣ ਵਾਲੇ ਨਾਮਧਾਰੀ ਸਿੱਖਾਂ ਨੇ ਸੱਚ ਅਤੇ ਸੁੱਚ ਤੇ ਪਹਿਰੇਦਾਰੀ ਦਿੰਦਿਆਂ ਮੌਤ ਦਾ ਸ਼ਾਨਦਾਰ ਸੁਆਗਤ ਕੀਤਾ।

ਦੂਜੇ ਪਾਸੇ ਸਮਾਜਿਕ ਬੁਰਾਈਆਂ ਵਿਰੁੱਧ ਕਾਮਯਾਬ ਲੜਾਈ ਸਿਰੇ ਤੱਕ ਪਹੁੰਚਾ ਦਿੱਤੀ। ਪੰਜਾਬ ਦੇ ਵੱਡੇ ਹਿੱਸੇ ਨੂੰ ਸਤੀ ਪ੍ਰਥਾ ਦੀ ਜ਼ਿੱਲਤ ਤੋਂ ਬਾਹਰ ਕੱਢਿਆ। ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਵਿਧਵਾ ਔਰਤਾਂ ਦੇ ਪੁਨਰ ਵਿਆਹ ਦੀ ਮੁਹਿੰਮ ਚਲਾਈ ਗਈ। ਪੈਰ ਦੀ ਜੁੱਤੀ ਸਮਝੀ ਜਾਣ ਵਾਲੀ ਔਰਤ ਨੂੰ ਬਰਾਬਰ ਦਾ ਹੱਕ ਦੇਣਾ ਕਿਤਨਾ ਔਖਾ ਕੰਮ ਹੈ, ਔਖਾ ਹੀ ਨਹੀਂ ਅਸੰਭਵ ਕੰਮ ਹੈ ਪਰ ਸਤਿਗੁਰੂ ਜੀ ਨੇ ਇਹ ਕੰਮ ਵੀ ਕਰ ਦਿੱਤਾ। ਇਸਤਰੀ ਜਾਤੀ ਦੀ ਸਭ ਤੋਂ ਜ਼ਿਆਦਾ ਰਾਖੀ ਸਤਿਗੁਰੂ ਜੀ ਨੇ ਕੀਤੀ। ਬੱਚਿਆਂ ਦਾ ਛੋਟੀ ਉਮਰ ਵਿਚ ਵਿਆਹ ਨਾ ਕਰਨਾ, ਉਹਨਾਂ ਨੂੰ ਪੜ੍ਹਾਈ ਵੱਲ ਲਾਉਣਾ। ਬੇਟੀ ਨੂੰ ਬੇਟੇ ਦੇ ਬਰਾਬਰ ਰੱਖ ਕੇ ਸਤਿਗੁਰੂ ਜੀ ਨੇ ਸਭ ਮੁਮਕਿਨ ਕਰ ਦਿੱਤਾ। ਇਹ ਸਭ ਉਸ ਵੇਲੇ ਕੀਤਾ ਜਦੋਂ ਹਾਲੀ ਇੰਗਲੈਂਡ ਵਰਗੇ ਦੇਸ਼ਾਂ ਵਿਚ ਬਰਾਬਰੀ ਦੀ ਗੱਲ ਨਹੀਂ ਸੀ ਕੀਤੀ ਜਾ ਰਹੀ। ਅਮਰੀਕਾ ਵਰਗੇ ਮੁਲਕ ਵਿਚ ਮਾਰਟਿਨ ਲੂਥਰ ਦੀ ਅਗਵਾਈ ਵਿਚ ਗੁਲਾਮ ਪ੍ਰਥਾ ਮਿਟਾਉਣ ਲਈ ਅੰਦੋਲਨ ਚਲਾਏ ਜਾ ਰਹੇ ਸਨ।

ਸਤਿਗੁਰੂ ਜੀ ਦੇ ਉਪਦਸ਼ਾਂ ਤੇ ਅੱਜ ਦੇ ਵਕਤ ਜ਼ਿਆਦਾ ਚੱਲਣ ਦੀ ਜਰੂਰਤ ਹੈ ਕਿਉਂਕਿ ਹੁਣ ਵੀ ਉਸੇ ਤਰ੍ਹਾਂ ਦੀ ਸਾਂਝੀ ਸੰਸਕ੍ਰਿਤੀ, ਸਾਡੀ ਭਾਸ਼ਾ, ਸਾਡੇ ਪਹਿਰਾਵੇ, ਸਾਡੀ ਸ਼ਾਨ ਤੇ ਹਮਲੇ ਕੀਤੇ ਜਾ ਰਹੇ ਹਨ। ਅੱਜ ਉਸ ਵੇਲੇ ਤੋਂ ਵੀ ਜ਼ਿਆਦਾ ਖਤਰਾ ਹੈ। ■



**ਰਾਮ ਵਿਯੋਗੀ ਸੰਤ ਮੀਹਾਂ ਸਿੰਘ ਮਰਗੋਈ (ਬਰਮਾ) ਵਿਖੇ ਪਹਿਰੇਦਾਰਾਂ ਦੀਆਂ ਸਖਤੀਆਂ ਤੋਂ ਬੇਪਰਵਾਹ ਜੰਗਲਾ ਟੱਪ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਜਾਂਦੇ ਹੋਏ।**

# ਤੋੜਨ ਲਈ ਗੁਲਾਮੀ ਜ਼ੰਜੀਰ ਆਇਆ

✍ **ਬੇਅੰਤ ਸਿੰਘ ਸੌਖਲ**

ਚੰਨ ਜੱਸੇ ਦਾ ਚਾਨਣ ਮਨੁਖਤਾ ਲਈ, ਪਿਆਰ ਮੁਜੱਸਮ ਦੀ ਸੋਹਣੀ ਤਸਵੀਰ ਆਇਆ।
ਮਾਘ ਸੁਦੀ ਬਸੰਤ ਪੰਚਮੀ ਨੂੰ, ਲੈ ਕੈ ਨਵੀਂ ਸੁਗੰਧ ਸਮੀਰ ਆਇਆ।
ਦੁਖ ਗਊ ਗਰੀਬ ਦੇ ਮੇਟਣ ਲਈ, ਲਾਣਾ ਤਾਣ ਜਿਸ ਉਹ ਰਘੁਬੀਰ ਆਇਆ।
ਜਿਹਦੇ ਲਾਡਲੇ ਸ਼ੇਰਾਂ ਨੇ ਧਰਮ ਬਦਲੇ, ਦੇਣੇ ਸੀਸ ਉਹ ਯੋਧਾ ਬਲਬੀਰ ਆਇਆ।
ਡਾਹਕੇ ਛਾਤੀਆਂ ਤੋਪਾਂ ਦੇ ਹੋ ਸਾਹਵੇਂ, ਮਰਨਾਂ ਦੇਸ਼ ਤੋਂ ਦੱਸਣ ਤਦਬੀਰ ਆਇਆ।
ਜੀਣਾ ਸਮਝ ਕੇ ਲਾਹਨਤ ਅਧੀਨਗੀ ਦਾ, ਤੋੜਨ ਲਈ ਗੁਲਾਮੀ ਜ਼ੰਜੀਰ ਅਇਆ।

ਉਹਦੀ ਮਹਿਕ ਐਸੀ ਟਹਿਕ ਆਣ ਦਿੱਤੀ, ਬੰਦ ਗੁੰਚਿਆਂ ਉਤੇ ਬਹਾਰ ਆ ਗਈ।
ਸੋਹਲ ਫੁੱਲ ਮੁਰਝਾਏ ਜੋ ਚਿਰਾਂ ਤੋਂ ਸੀ, ਲਾਲੀ ਨਵਾਂ ਹੀ ਲੈ ਨਿਖਾਰ ਆ ਗਈ।
ਖੇੜੇ ਮਿਲ ਗਏ ਬੰਦ ਸ਼ਗੂਫ਼ਿਆਂ ਨੂੰ, ਜੋਬਨ ਮਤੀ ਜਿਉਂ ਲਾ ਸ਼ਿੰਗਾਰ ਆ ਗਈ।
ਜੀਵਨ ਰੁੱਖ ਜੋ ਕੋਹੇ ਸੀ ਖਿਜ਼ਾਂ ਜ਼ਾਬਰ, ਲੈ ਬਸੰਤ ਖੇੜੇ ਬੇਸ਼ੁਮਾਰ ਆ ਗਈ।
ਖ਼ਤਮ ਕਰਨ ਫ਼ਰੰਗੀ ਦੀ ਖਿਜ਼ਾਂ ਤਾਈਂ, ਫੁੱਲ ਸਦਾ ਦਾ ਬੇ ਨਜ਼ੀਰ ਆਇਆ।
ਭਾਰਤ ਮਾਂ ਦੇ ਪੁੱਤ ਦੀ ਪਈ ਪੈਰੀਂ, ਤੋੜਨ ਲਈ ਗੁਲਾਮੀ ਜ਼ੰਜੀਰ ਆਇਆ।

ਰਹਿਤ ਰਹੀ ਨਾ ਕਿਤੇ ਦਸਮੇਸ਼ ਵਾਲੀ, ਵਰਤਣ ਲੱਗ ਪਏ ਮਦਰਾ ਕਬਾਬ ਤਾਈਂ।
ਪਹੁਲ ਅਮੀ ਦੇ ਬਾਟੇ ਚੋਂ ਫੇਰ ਦੇ ਕੇ, ਮੁਰਦਾ ਸਿੱਖੀ ਤੇ ਲਿਆਂਦਾ ਸ਼ਬਾਬ ਤਾਈਂ।
ਸੁੱਤਾ ਵੇਖ ਬੇਗੈਰਤ ਦੀ ਨੀਂਦ ਗੂਹੜੀ, ਫੇਰ ਝੂਣ ਜਗਾਇਆ ਪੰਜਾਬ ਤਾਈਂ।
ਕਾਇਰਾਂ ਤਾਈਂ ਸ਼ਹਾਦਤ ਦੀ ਦੇ ਗੁੜ੍ਹਤੀ, ਗਿਰੀ ਹੋਈ ਉਚਿਆਣ ਜ਼ਮੀਰ ਆਇਆ।
ਭਾਰਤ ਤਾਈਂ ਆਜ਼ਾਦੀ ਪੈਗ਼ਾਮ ਦੇ ਕੇ, ਤੋੜਨ ਲਈ ਗੁਲਾਮੀ ਜ਼ੰਜੀਰ ਆਇਆ।

ਉਹਦੀ ਕੂਕ ਸੀ ਬੋਹੜਾਂ ਚੋਂ ਸ਼ੂਕ ਨਿਕਲੀ, ਗੋਰੇ ਮੂੰਹ ਦੀ ਬਦਲ ਜਿਸ ਭਾਹ ਦਿੱਤੀ।
ਬਾਈਕਾਟ ਅੰਗਰੇਜ਼ ਦਾ ਕਰ ਸਾਰਾ, ਜੱਦੋ ਜਹਿਦ ਅਜ਼ਾਦੀ ਚਲਾ ਦਿੱਤੀ।
ਤੈਨੂੰ ਕੱਢਣਾ ਬਿੱਲਿਆ ਦੇਸ਼ ਵਿਚੋਂ, ਇਹ ਫਰੰਗੀ ਨੂੰ ਕੜਕ ਸੁਣਾ ਦਿੱਤੀ।
ਅਸੀਂ ਵਤਨ ਵਾਲੇ ਵਤਨ ਅਸਾਂ ਦਾ ਏ, ਤੂੰ ਕੌਣ? ਜਿਸ ਛੌਣੀ ਹੈ ਪਾ ਦਿੱਤੀ।
ਦਰਦੇ ਦਿਲ ਫਿਰ ਦੇਸ਼ ਦਾ ਦਰਦ ਲੈ ਕੇ, ਜ਼ੁਲਮ ਰਾਜ ਦਾ ਕਰਨ ਅਖੀਰ ਆਇਆ।
'ਬੇਅੰਤ' ਪਕੜ ਅਠੋਤਰੀ ਹੱਥ ਮਾਲਾ, ਤੋੜਨ ਲਈ ਗੁਲਾਮੀ ਜ਼ੰਜੀਰ ਆਇਆ।

Date of Publication: 25/1/2017, Date of Posting: 26-27/1/2017
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17


ਪ੍ਰਕਾਸ਼ ਸਥਾਨ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਰਾਈਆਂ ਸ੍ਰੀ ਭੈਣੀ ਸਾਹਿਬ


ਅਕਾਲ ਬੁੰਗਾ ਤਪ ਸਥਾਨ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਸ੍ਰੀ ਭੈਣੀ ਸਾਹਿਬ


ਰਾਮ ਮੰਦਰ ਕੰਪਲੈਕਸ


ਰਾਮ ਮੰਦਰ ਕੰਪਲੈਕਸ (ਸ੍ਰੀ ਭੈਣੀ ਸਾਹਿਬ) ਵਿੱਚ ਰੱਖਿਆ ਹੋਇਆ ਪ੍ਰਦੇਸ ਗਵਨ ਦਾ ਪ੍ਰਤੀਕ ਗੱਡਾ




Subscriber's Address

Type setting by:
CADCON
Designed by :
Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 7.12 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.55 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 1 of 26 January 2017